# NHS COVID-19 APP ਡਾਉਨਲੋਡ ਕਰਨ ਲਈ IOS ਗਾਈਡ

GIG CYMRU NHS WALES | Profi Olrhain Diogelu | Test Trace Protect

NHS Test and Trace




ਆਪਣਾ ਫੋਨ ਅਨਲੱਕ ਕਰੋ। “ਐਪ ਸਟੋਰ” ਨਾਮਕ ਐਪ ਖੋਜਣ ਲਈ ਆਪਣੇ ਫੋਨ ਨੂੰ ਸਕ੍ਰੌਲ ਕਰੋ। ਐਪ ਉਪਰੋਕਤ ਤਸਵੀਰ ਵਰਗੀ ਲੱਗਦੀ ਹੈ। ਇਸਨੂੰ ਲਾਂਚ ਕਰਨ ਲਈ ਟੈਪ ਕਰੋ।




ਸਕ੍ਰੀਨ ਦੇ ਤਲ ‘ਤੇ “ਖੋਜੋ” ਆਇਕਨ ਦੇਖੋ ਅਤੇ ਇਸ ‘ਤੇ ਟੈਪ ਕਰੋ।




ਸਰਚ ਬਾਰ ‘ਤੇ ਟੈਪ ਕਰੋ। “NHS COVID-19” ਟਾਇਪ ਕਰੋ। ਤੁਸੀਂ ਹੁਣ ਹੇਠਾਂ ਬਾਕਸ ਵਿੱਚ ਨਤੀਜਿਆਂ ਦੀ ਇੱਕ ਸੂਚੀ ਦੇਖ ਸਕਦੇ ਹੋ। “NHSCOVID-19” ਨਾਮ ਨਾਲ ਨਤੀਜੇ ‘ਤੇ ਟੈਪ ਕਰੋ।




ਵੱਖ-ਵੱਖ COVID-19 ਐਪਸ ਦੇ ਨਤੀਜਿਆਂ ਦੀ ਇੱਕ ਸੂਚੀ ਹੋਵੇਗੀ। ਉਹ ਚੁਣੋ ਜੋ ਕਹਿੰਦੀ ਹੈ “NHSCOVID-19” ਅਤੇ ਇਸ ‘ਤੇ ਟੈਪ ਕਰੋ, ਫਿਰ “ਗੈਟ” ਬਟਨ ‘ਤੇ ਟੈਪ ਕਰੋ।




ਡਾਉਨਲੋਡ ਪੂਰਾ ਕਰਨ ਲਈ ਤੁਹਾਨੂੰ ਆਪਣਾ Apple ਆਈਡੀ ਵੇਰਵਾ ਟਾਇਪ ਕਰਨ ਜਾਂ ਆਪਣਾ ਫਿੰਗਰਪ੍ਰਿੰਟ ਜਾਂ ਫੇਸ ਵੇਰੀਫਿਕੇਸ਼ਨ ਵਰਤਣ ਲਈ ਕਿਹਾ ਜਾ ਸਕਦਾ ਹੈ ਜੇ ਤੁਸੀਂ ਇਹ ਸੈਟ ਅਪ ਕੀਤੇ ਹਨ।




ਜੇ ਇਹ ਕੰਮ ਨਹੀਂ ਕਰਦਾ, ਤਾਂ ਨਿਰਦੇਸ਼ ਲਈ NHS COVID-19 App ਵੈਬਸਾਈਟ **www.covid19.nhs.uk** ‘ਤੇ ਮਦਦ ਲਈ “ਟ੍ਰਬਲ-ਸ਼ੂਟਿੰਗ” ‘ਤੇ ਜਾਓ।




ਹੁਣ ਬਲੂਟੂਥ ਸਵਿੱਚ ਆੱਨ ਕਰਨ ਦਾ ਸਮਾਂ ਹੈ ਤਾਂਕਿ ਐਪ ਕੰਮ ਕਰ ਸਕੇ। ਅਜਿਹਾ ਕਰਨ ਲਈ, ਪਹਿਲਾਂ “ਸੈਟਿੰਗਾਂ” ਖੋਜੋ ਅਤੇ ਇਸ ‘ਤੇ ਟੈਪ ਕਰੋ।




ਤੁਸੀਂ ਹੁਣ “ਸੈਟਿੰਗਜ਼” ਵਿਚ ਹੋ। “ਬਲੂਟੂਥ” ਖੋਜਣ ਲਈ ਸੂਚੀ ਨੂੰ ਹੇਠਾਂ ਸਕ੍ਰੌਲ ਕਰੋ ਅਤੇ ਇਸ ‘ਤੇ ਟੈਪ ਕਰੋ।

# NHS COVID-19 APP ਡਾਊਨਲੋਡ ਕਰਨ ਲਈ IOS ਗਾਈਡ

Test and Trace




ਸੱਜੇ ਪਾਸੇ ਸਲਾਇਡਰ ‘ਤੇ ਟੈਪ ਕਰਕੇ ਬਲੂਟੂਥ ਸਵਿੱਚ ਆਨ ਕਰੋ।




ਆਪਣੇ ਫੋਨ ਦੀ ਹੋਮ-ਸਕ੍ਰੀਨ ‘ਤੇ ਵਾਪਸ ਜਾਣ ਲਈ ਆਪਣਾ ਹੋਮ ਬਟਨ ਦਬਾਓ ਜਾਂ ਸਵਾਇਪ ਅਪ ਕਰੋ ਜਿੱਥੇ ਤੁਸੀਂ ਆਪਣੀਆਂ ਸਾਰੀਆਂ ਐਪਸ ਦੇਖ ਸਕਦੇ ਹੋ। NHS COVID-19 App ਖੋਜ ਅਤੇ ਇਸਨੂੰ ਲਾਂਚ ਕਰਨ ਲਈ ਇਸ ‘ਤੇ ਟੈਪ ਕਰੋ।




ਜਦੋਂ ਤੁਸੀਂ ਸੈੱਟ-ਅਪ ਪੂਰਾ ਕਰ ਲੈਂਦੇ ਹੋ, ਤਾਂ ਹੁਣ ਤੁਹਾਡਾ NHS COVID-19 App ਅਪ ਹੈ ਅਤੇ ਚੱਲ ਰਿਹਾ ਹੈ।




ਐਪ ਦਾ ਸੈਟ ਅਪ ਪੂਰਾ ਕਰਨ ਲਈ ਸਟੇਪ੍ਸ ਦੀ ਪਾਲਣਾ ਕਰੋ। ਇਸ ਵਿੱਚ "ਐਕਸਪੋਜ਼ਰ ਲੌਗਿੰਗ" ਦੀ ਆਗਿਆ ਸ਼ਾਮਲ ਹੈ ਜੋ ਇਸਦੀ ਪਛਾਣ ਕਰਨ ਲਈ ਵਰਤੀ ਜਾਂਦੀ ਹੈ ਜੇਕਰ ਤੁਸੀਂ ਜੋਖਮ ਵਿਚ ਹੋ।




ਤੁਸੀਂ ਆਮ ਵਾਂਗ ਆਪਣਾ ਫੋਨ ਵਰਤ ਸਕਦੇ ਹੋ, ਹਾਲਾਂਕਿ ਇਹ ਯਕੀਨੀ ਬਣਾਓ ਕਿ ਐਪ ਬੈਕਗਰਾਊਂਡ ਵਿੱਚ ਚੱਲ ਰਹੀ ਹੈ ਅਤੇ ਬਲੂਟੂਥ ਚਾਲੂ ਹੈ। ਐਪ ਤੁਹਾਡਾ ਸਥਾਨ ਟ੍ਰੈਕ ਨਹੀਂ ਕਰੇਗੀ।